# ਨਿੱਜੀ ਖੇਤਰ: ਵੈਨਕੂਵਰ ਫੂਡ ਸਪਲਾਈ ਸਰਵੇਖਣ ਦਾ ਵਿਸ਼ਲੇਸ਼ਣ

**ਜੁਲਾਈ 2020**



# ਨਿੱਜੀ ਖੇਤਰ: ਵੈਨਕੂਵਰ ਫੂਡ ਸਪਲਾਈ ਸਰਵੇਖਣ ਦਾ ਵਿਸ਼ਲੇਸ਼ਣ

COVID-19 ਮਹਾਂਮਾਰੀ ਦੇ ਪ੍ਰਭਾਵ ਦੁਨੀਆ ਭਰ ਵਿੱਚ ਮਹਿਸੂਸ ਕੀਤੇ ਗਏ ਹਨ ਅਤੇ ਇਸ ਦੇ ਨਤੀਜੇ ਵਜੋਂ ਅੰਤਰਰਾਸ਼ਟਰੀ ਅਤੇ ਸਥਾਨਕ ਭੋਜਨ ਸਪਲਾਈ ਚੇਨ ਵਿੱਚ ਬੇਮਿਸਾਲ ਤਣਾਉ ਅਤੇ ਰੁਕਾਵਟਾਂ ਆਈਆਂ ਹਨ। ਵੈਨਕੂਵਰ ਸ਼ਹਿਰ ਦੇ ਐਮਰਜੈਂਸੀ ਆਪ੍ਰੇਸ਼ਨਜ਼ ਸੈਂਟਰ (EOC) ਨੇ ਮਈ 2020 ਵਿੱਚ ਵੈਨਕੂਵਰ ਵਿੱਚ ਕੰਮ ਕਰਨ ਵਾਲੇ 3,691 ਭੋਜਨ ਕਾਰੋਬਾਰਾਂ ਦਾ ਸਰਵੇਖਣ ਕੀਤਾ ਤਾਂ ਜੋ:

- ਵੈਨਕੂਵਰ ਦੇ ਵਿਭਿੰਨ ਭੋਜਨ ਕਾਰੋਬਾਰਾਂ ਅਤੇ ਉਹਨਾਂ ਦੀਆਂ ਸਪਲਾਈ ਚੇਨਾਂ 'ਤੇ COVID-19 ਦੇ ਪ੍ਰਭਾਵਾਂ ਅਤੇ ਚੁਣੌਤੀਆਂ ਨੂੰ ਸਮਝਿਆ ਜਾ ਸਕੇ
- ਵੈਨਕੂਵਰ ਦੇ ਭੋਜਨ ਕਾਰੋਬਾਰਾਂ ਦੁਆਰਾ ਲੋੜੀਂਦੇ ਸਮਰਥਨ ਦੀ ਸਮੀਖਿਆ ਕੀਤੀ ਜਾ ਸਕੇ ਅਤੇ ਪਤਾ ਕੀਤਾ ਜਾ ਸਕੇ ਕਿ ਸਰਕਾਰ ਕੀ ਮੁਹੱਈਆ ਕਰ ਸਕਦੀ ਹੈ ਜਾਂ ਕਿਸਦੀ ਹਮਾਇਤ ਕਰ ਸਕਦੀ ਹੈ

## ਸਰਵੇਖਣ ਵਿਧੀ

ਇਹ ਸਰਵੇਖਣ ਅੰਗਰੇਜ਼ੀ ਵਿੱਚ ਆਨਲਾਈਨ, ਜਾਂ ਵਪਾਰਕ ਸੰਪਰਕਾਂ ਦੁਆਰਾ ਲੋੜ ਪੈਣ 'ਤੇ ਹੋਰ ਭਾਸ਼ਾਵਾਂ ਵਿੱਚ ਫੋਨ 'ਤੇ ਪੂਰਾ ਕੀਤੇ ਜਾਣ ਲਈ ਉਪਲਬਧ ਸੀ। ਸਰਵੇਖਣ ਦੇ ਵੇਰਵੇ ਇਹਨਾਂ ਤਰੀਕਿਆਂ ਰਾਹੀਂ ਵੰਡੇ ਗਏ ਸਨ:

- ਸ਼ਹਿਰ ਦੇ COVID-19 ਵੈੱਬਪੇਜ 'ਤੇ ਪੋਸਟ ਕਰਕੇ
- ਸਿਟੀ ਦੇ ਲਾਇਸੈਂਸ ਦਫ਼ਤਰ ਰਾਹੀਂ ਲਾਇਸੰਸਸ਼ੁਦਾ 3,691 ਭੋਜਨ ਕਾਰੋਬਾਰਾਂ ਨੂੰ, ਅਤੇ ਸ਼ਹਿਰ ਦੇ ਨੈੱਟਵਰਕਾਂ ਰਾਹੀਂ ਕਨੈਕਟ ਹੋਰ ਲੋਕਾਂ ਨੂੰ ਈ ਮੇਲ
- ਵੈਨਕੂਵਰ ਦੇ ਨਸਲੀ-ਸਭਿਆਚਾਰਕ ਭੋਜਨ ਸਪਲਾਈ ਚੇਨ ਕਾਰੋਬਾਰਾਂ ਦੇ ਨਮੂਨੇ ਨੂੰ ਟੀਚਾਬੱਧ ਟੈਲੀਫੋਨ ਰਾਹੀਂ ਸੰਪਰਕ ਕਰਕੇ

ਸਰਵੇਖਣ 12 ਤੋਂ 31 ਮਈ, 2020 ਦੇ ਵਿਚਕਾਰ ਪੂਰੇ ਕੀਤੇ ਗਏ ਸਨ। ਉਸ ਸਮੇਂ ਦੇ ਦੌਰਾਨ, ਬੀਸੀ "ਪੜਾਅ 1" ਵਿੱਚ ਸੀ ਅਤੇ ਇਸਨੇ ਬੀਸੀ ਦੀ ਪ੍ਰੋਵਿੰਸ਼ੀਅਲ ਮੁੜ ਸ਼ੁਰੂਆਤ ਯੋਜਨਾ ਦੇ "ਪੜਾਅ 2" ਵਿੱਚ ਦਾਖਲ ਹੋਣਾ ਸ਼ੁਰੂ ਕਰ ਦਿੱਤਾ ਸੀ (ਪੜਾਅ 2 19 ਮਈ ਤੋਂ ਸ਼ੁਰੂ ਹੋਇਆ ਸੀ)।[1]

ਸਰਵੇਖਣ ਨਤੀਜੇ ਚੀਨੀ (ਰਵਾਇਤੀ), ਅੰਗਰੇਜ਼ੀ, ਜਾਪਾਨੀ, ਕੋਰੀਆਈ, ਪੰਜਾਬੀ, ਟੈਗਾਲੋਗ ਅਤੇ ਵੀਅਤਨਾਮੀ ਵਿੱਚ ਉਪਲਬਧ ਹਨ; ਜੋ ਕਿ ਭਵਿੱਖ ਦੇ ਸੰਚਾਰਾਂ ਲਈ ਸਭ ਤੋਂ ਵੱਧ ਬੇਨਤੀ ਕੀਤੀਆਂ ਗਈਆਂ ਤਰਜੀਹੀ ਭਾਸ਼ਾਵਾਂ ਹਨ। ਰਿਪੋਰਟ ਨੂੰ ਉਹਨਾਂ ਕਾਰੋਬਾਰਾਂ, ਜਿਨ੍ਹਾਂ ਨੇ ਆਪਣੀ ਸੰਪਰਕ ਜਾਣਕਾਰੀ ਮੁਹੱਈਆ ਕੀਤੀ ਸੀ, ਸ਼ਹਿਰ ਦੇ ਨੈੱਟਵਰਕ ਅਤੇ ਹੋਰ ਦਿਲਚਸਪੀ ਵਾਲੀਆਂ ਧਿਰਾਂ ਨਾਲ ਸਾਂਝਾ ਕੀਤਾ ਜਾਵੇਗਾ। ਇਸ ਸਰਵੇਖਣ ਵਿੱਚ ਇਕੱਠੀ ਕੀਤੀ ਜਾਣਕਾਰੀ ਦੀ ਸਿਟੀ ਸਟਾਫ਼ ਦੁਆਰਾ ਸਮੀਖਿਆ ਕੀਤੀ ਜਾਏਗੀ ਅਤੇ ਇਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਮਹਾਂਮਾਰੀ ਪ੍ਰਤੀ ਵੈਨਕੂਵਰ ਦੀ ਨਿਰੰਤਰ ਪ੍ਰਤਿਕਿਰਿਆ ਨੂੰ ਆਕਾਰ ਦੇਣ ਵਿੱਚ ਸਹਾਇਤਾ ਮਿਲੇਗੀ।

## ਸਰਵੇਖਣ ਦੇ ਨਤੀਜੇ ਅਤੇ ਵਿਸ਼ਲੇਸ਼ਣ

### ਜਵਾਬ ਦੀ ਦਰ


ਸਿਟੀ ਦੇ ਲਾਇਸੈਂਸ ਦਫਤਰ ਦੇ ਅੰਕੜਿਆਂ ਦੇ ਅਨੁਸਾਰ, 30 ਅਪ੍ਰੈਲ 2020 ਨੂੰ ਵੈਨਕੂਵਰ ਵਿੱਚ 3,691 ਭੋਜਨ ਕਾਰੋਬਾਰ ਬ੍ਰਾਂਡ/ਇਕਾਈਆਂ ਕੰਮ ਕਰ ਰਹੇ ਹਨ ਜੋ 4,195 ਭੋਜਨ ਕਾਰੋਬਾਰਾਂ ਦੇ ਟਿਕਾਣਿਆਂ ਨੂੰ ਪ੍ਰਦਰਸ਼ਿਤ ਕਰਦੇ ਹਨ।

484 ਕਾਰੋਬਾਰੀ ਸਥਾਨਾਂ ਤੋਂ, ਕੁੱਲ 313 ਕਾਰੋਬਾਰਾਂ ਨੇ ਇਸ ਸਰਵੇਖਣ ਦਾ ਜਵਾਬ ਦਿੱਤਾ (ਕੁਝ ਕਾਰੋਬਾਰਾਂ ਦੇ ਕਈ ਸਥਾਨ ਹਨ)। 14 ਕਾਰੋਬਾਰਾਂ ਨੇ ਸੰਕੇਤ ਦਿੱਤਾ ਕਿ ਉਹਨਾਂ ਕੋਲ ਵੈਨਕੂਵਰ ਵਿੱਚ ਕੋਈ ਟਿਕਾਣਾ ਨਹੀਂ ਹੈ ਪਰ ਉਹ ਵੈਨਕੂਵਰ ਵਿੱਚ ਵਸਨੀਕਾਂ ਜਾਂ ਕਾਰੋਬਾਰਾਂ ਨੂੰ ਸੇਵਾ ਦਿੰਦੇ ਹਨ। ਵੈਨਕੂਵਰ ਦੀ ਭੋਜਨ ਪ੍ਰਣਾਲੀ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦੇਖਦੇ ਹੋਏ, ਉਹਨਾਂ ਦੇ ਜਵਾਬਾਂ ਨੂੰ ਨਤੀਜਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ।


82% ਕਾਰੋਬਾਰਾਂ ਲਈ ਸੰਚਾਰ ਦੀ ਭਾਸ਼ਾ ਵਜੋਂ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਗਈ ਸੀ। ਹੋਰ ਭਾਸ਼ਾ ਸਮੂਹਾਂ ਵਿੱਚੋਂ, ਸਭ ਤੋਂ ਵੱਧ ਤਰਜੀਹੀ ਭਾਸ਼ਾਵਾਂ ਕੋਰੀਆਈ (6%), ਮੈਂਡਾਰਿਨ (4%), ਅਤੇ ਕੈਂਟੋਨੀਜ਼ (3%) ਸਨ।

[1] https://www2.gov.bc.ca/gov/content/safety/emergency-preparedness-response-recovery/covid-19-provincial-support/bc-restart-plan

**ਗ੍ਰਾਫ 1: ਕਾਰੋਬਾਰੀ ਕਿਸਮ ਦੇ ਅਨੁਸਾਰ ਸਰਵੇਖਣ ਦੇ ਜਵਾਬ (ਕੁੱਲ ਜਵਾਬ = 313)**




**ਗ੍ਰਾਫ 2: ਵੈਨਕੂਵਰ ਵਿੱਚ ਕੰਮ ਕਰ ਰਹੇ ਕਾਰੋਬਾਰ ਦੀਆਂ ਕਿਸਮਾਂ ਦੀ ਚੋਣ ਦੀ ਤੁਲਨਾ ਵਿੱਚ ਸਰਵੇਖਣ ਦਾ ਜਵਾਬ ਦੇਣ ਦੀ ਦਰ**





## ਕਾਰੋਬਾਰ ਬੰਦ ਹੋਣ ਦੀ ਸਥਿਤੀ

27% ਕਾਰੋਬਾਰਾਂ (85 ਕਾਰੋਬਾਰਾਂ) ਨੇ ਦੱਸਿਆ ਕਿ ਉਹਨਾਂ ਦੇ ਕਾਰੋਬਾਰ ਅਣਮਿੱਥੇ ਸਮੇਂ ਲਈ ਜਾਂ ਅਸਥਾਈ ਤੌਰ 'ਤੇ ਬੰਦ ਸਨ। ਇਸ ਰਿਪੋਰਟ ਵਿੱਚ ਇਹਨਾਂ ਨੂੰ ਸਮੂਹਕ ਤੌਰ 'ਤੇ'ਬੰਦ'ਕਾਰੋਬਾਰਾਂ ਵਜੋਂ ਦਰਸਾਇਆ ਗਿਆ ਹੈ।

ਕਾਰੋਬਾਰਾਂ ਨੇ ਦੱਸਿਆ ਕਿ ਉਹਨਾਂ ਨੇ ਸਰਵੇਖਣ ਦੇ ਸਮੇਂ ਕੁਲ 3,009 ਕਰਮਚਾਰੀਆਂ ਨੂੰ ਕੰਮ ਤੋਂ ਕੱਢ ਦਿੱਤਾ ਸੀ। ਘੱਟੋ-ਘੱਟ 88% ਛਾਂਟੀਆਂ (ਕੁੱਲ 2,647) ਅਸਥਾਈ ਸਨ ਅਤੇ 12% (ਕੁੱਲ 362) ਸਥਾਈ ਸਨ।

ਡੇਟਾ ਦੱਸਦਾ ਹੈ ਕਿ ਕੋਈ ਕਾਰੋਬਾਰ ਜਿੰਨਾ ਛੋਟਾ ਸੀ (ਕਰਮਚਾਰੀਆਂ ਦੀ ਸੰਖਿਆ ਦੁਆਰਾ ਮਾਪਿਆ ਗਿਆ) ਉਸਦੇ ਬੰਦ ਹੋਣ ਦੀ ਸੰਭਾਵਨਾ ਓਨੀ ਹੀ ਜ਼ਿਆਦਾ ਸੀ (ਗ੍ਰਾਫ 3)। ਖਾਸ ਤੌਰ 'ਤੇ, 40% ਇਕੱਲੇ ਮਾਲਕ ਵਾਲੇ ਕਾਰੋਬਾਰ, ਜਿਨ੍ਹਾਂ ਵਿੱਚ ਕੋਈ ਸਟਾਫ਼ ਨੌਕਰੀ 'ਤੇ ਨਹੀਂ ਰੱਖਿਆ ਗਿਆ ਸੀ, ਨੇ ਕਾਰੋਬਾਰ ਬੰਦ ਹੋਣ ਦੀ ਰਿਪੋਰਟ ਕੀਤੀ।

**ਗ੍ਰਾਫ 3: ਕਾਰੋਬਾਰ ਦੇ ਆਕਾਰ ਅਨੁਸਾਰ ਭੋਜਨ ਕਾਰੋਬਾਰ ਬੰਦ ਹੋਣ ਦੀ ਸਥਿਤੀ**




| | ਇਕੱਲਾ ਮਾਲਕ (n=27) | 1-5 ਕਰਮਚਾਰੀ (n=112) | 6-50 ਕਰਮਚਾਰੀ (n=150) | 51+ ਕਰਮਚਾਰੀ (n=22) |
|---|---|---|---|---|
| ਹਮੇਸ਼ਾਂ ਬੰਦ | 7% | 5% | 3% | 5% |
| ਅਸਥਾਈ ਤੌਰ 'ਤੇ ਬੰਦ | 34% | 23% | 24% | 9% |
| ਖੁੱਲ੍ਹਾ | 59% | 73% | 73% | 86% |

**ਸਾਰਣੀ 1: ਮਹਾਂਮਾਰੀ ਦੁਆਰਾ ਸਭ ਤੋਂ ਜ਼ਿਆਦਾ ਪ੍ਰਭਾਵਿਤ ਭਾਸ਼ਾ ਸਮੂਹ ਜਵਾਬਾਂ ਦੇ ਅਨੁਸਾਰ ਕਾਰੋਬਾਰ ਦਾ ਬੰਦ ਹੋਣਾ**

| **ਭਾਸ਼ਾ ਸਮੂਹ** | **ਪ੍ਰਤਿਸ਼ਤ ਬੰਦ** |
|---|---|
| ਅੰਗਰੇਜ਼ੀ ਵਿੱਚ ਸੰਚਾਰ ਨੂੰ ਤਰਜੀਹ ਦੇਣ ਵਾਲੇ ਕਾਰੋਬਾਰ (ਕੁੱਲ 256) | 28% |
| ਕੈਂਟੋਨੀਜ਼, ਫ੍ਰੈਂਚ, ਜਪਾਨੀ, ਕੋਰੀਆਈ, ਮੈਂਡਾਰਿਨ, ਪੰਜਾਬੀ, ਸਪੈਨਿਸ਼, ਤਾਗਾਲੋਗ, ਵੀਅਤਨਾਮੀਅਤੇਹੋਰਭਾਸ਼ਾਵਾਂਵਿੱਚਸੰਚਾਰਨੂੰਤਰਜੀਹਦੇਣਵਾਲੇਕਾਰੋਬਾਰ (ਕੁੱਲ57) | 25% |

ਕੋਰੀਆਈ ਅਤੇ ਮੈਂਡਾਰਿਨ ਦੀ ਵਰਤੋਂ ਨੂੰ ਤਰਜੀਹ ਦਿੰਦੇ ਜਵਾਬ ਦੇਣ ਵਾਲੇ ਕਾਰੋਬਾਰਾਂ ਦੀ ਦੂਜੇ ਭਾਸ਼ਾ ਸਮੂਹਾਂ ਨਾਲੋਂ ਬੰਦ ਹੋਣ ਦੀ ਵਧੇਰੇ ਸੰਭਾਵਨਾ ਸੀ। ਮੈਂਡਾਰਿਨ ਨੂੰ ਤਰਜੀਹ ਵਾਲੇ ਕਾਰੋਬਾਰਾਂ (ਕੁੱਲ 12) ਵਿੱਚੋਂ 42% ਬੰਦ ਸਨ ਅਤੇ 8% ਅਣਮਿੱਥੇ ਸਮੇਂ ਲਈ ਬੰਦ ਕੀਤੇ ਜਾ ਰਹੇ ਸਨ ਅਤੇ ਕੋਰੀਆਈ-ਤਰਜੀਹ ਵਾਲੇ ਕਾਰੋਬਾਰਾਂ (ਕੁੱਲ 20) ਵਿੱਚੋਂ 35% ਬੰਦ ਸਨ, ਅਤੇ ਇਹ ਸਾਰੇ ਅਸਥਾਈ ਤੌਰ 'ਤੇ ਬੰਦ ਸਨ।

**ਸਪਲਾਈ ਚੇਨ ਸੰਬੰਧੀ ਮੁੱਦੇ**

ਕਾਰੋਬਾਰਾਂ ਨੂੰ ਪੁੱਛਿਆ ਗਿਆ ਕਿ ਉਹ ਕਿਸ ਕਿਸਮ ਦੇ ਸਪਲਾਈ ਚੇਨ ਮੁੱਦਿਆਂ ਦਾ ਸਾਹਮਣਾ ਕਰ ਰਹੇ ਸਨ ਅਤੇ ਭੋਜਨ ਸਪਲਾਈ ਚੇਨ ਵਿੱਚ ਇਹ ਮੁੱਦੇ ਕਿੱਥੇ ਹੋ ਰਹੇ ਸਨ।ਖੁੱਲ੍ਹੇ ਕਾਰੋਬਾਰਾਂ ਨੇ ਔਸਤਨ ਦੋ ਵੱਖ-ਵੱਖ ਭੋਜਨ ਸਪਲਾਈ ਮੁੱਦਿਆਂ ਦਾ ਸਾਮਹਣਾ ਕਰਨ ਬਾਰੇ ਦੱਸਿਆ ਜਿਵੇਂ ਕਿ ਸਮਾਨ ਦੀ ਕਮੀ, ਆਰਡਰ ਦੀ ਸੀਮਾ, ਦੇਰੀ, ਅਣਉਪਲਬਧ ਉਤਪਾਦ, ਅਤੇ ਲੋੜ ਤੋਂ ਵੱਧ ਸਮਾਨ। ਸਾਹਮਣਾ ਕੀਤੇ ਗਏ ਮੁੱਦਿਆਂ ਦੀਆਂ ਕਿਸਮਾਂ ਅਤੇ ਵਾਰਵਾਰਤਾ ਕਾਰੋਬਾਰ ਦੀ ਕਿਸਮ ਦੇ ਆਧਾਰ 'ਤੇ ਵੱਖ-ਵੱਖ ਸਨ (ਸਾਰਣੀ 2)।

**ਸਾਰਣੀ 2: ਭੋਜਨ ਕਾਰੋਬਾਰਾਂ ਦੁਆਰਾ ਰਿਪੋਰਟ ਕੀਤੇ ਗਏ ਭੋਜਨ ਸਪਲਾਈ ਚੇਨ ਦੇ ਆਮ ਮੁੱਦੇ**

| **ਮੁੱਦਿਆਂ ਦਾ ਸਾਹਮਣਾ ਕਰ ਰਹੇ ਖੁੱਲ੍ਹੇ ਕਾਰੋਬਾਰਾਂ ਦਾ ਪ੍ਰਤਿਸ਼ਤ** | **ਮੁੱਦੇ ਦੀ ਕਿਸਮ** | **ਆਮ ਮੁੱਦੇ** |
|---|---|---|
| 79% | ਭੋਜਨ ਸਪਲਾਈ ਦੇ ਮੁੱਦੇ | • ਕਮੀਆਂ (44%),<br>• ਦੇਰੀਆਂ (39%),<br>• ਆਰਡਰ ਕਰਨ ਦੀ ਸੀਮਾ (39%),<br>• ਅਣਉਪਲਬਧ ਉਤਪਾਦ (39%) |
| 39% | ਅੰਤਰਰਾਸ਼ਟਰੀ ਸਪਲਾਈ ਚੇਨ ਦੇ ਮੁੱਦੇ | • ਇਹਨਾਂ ਨਾਲ ਜੁੜੇ ਮੁੱਦੇ:<br>  ○ ਏਸ਼ੀਆ ਤੋਂ ਭੋਜਨ (22%),<br>  ○ ਅਮਰੀਕਾ ਤੋਂ ਭੋਜਨ (10%),<br>  ○ ਯੂਰਪ ਤੋਂ ਭੋਜਨ (7%) |
| 80% | ਸਪਲਾਈ ਚੇਨ ਵਿੱਚ "ਰੁਕਾਵਟ ਆਉਣ" ਦੇ ਮੁੱਦੇ | • ਕੈਨੇਡੀਅਨ ਥੋਕ ਵਿਕ੍ਰੇਤਾਵਾਂ ਦੇ ਨਾਲ (52%),<br>• ਕਰਿਆਨਾ ਪ੍ਰਚੂਨ ਵਿਕ੍ਰੇਤਾਵਾਂ ਦੇ ਨਾਲ (26%),<br>• ਕੈਨੇਡੀਅਨ ਪ੍ਰੋਸੈਸਰ/ਨਿਰਮਾਤਾ ਦੇ ਨਾਲ (25%) |
| 95% | ਭੋਜਨ ਦੀਆਂ ਖਾਸ ਕਿਸਮਾਂ ਨਾਲ ਸੰਬੰਧਿਤ ਮੁੱਦੇ | • ਮੀਟ ਅਤੇ ਜਾਨਵਰਾਂ ਅਤੇ ਸਬਜ਼ੀਆਂ ਦੇ ਹੋਰ ਪ੍ਰੋਟੀਨ (52%),<br>• ਤਾਜ਼ਾ ਉਤਪਾਦ (38%),<br>• ਬੇਕ ਕੀਤੀਆਂ ਚੀਜ਼ਾਂ ਅਤੇ ਪਾਸਤਾ (25%) |

**ਲੋੜ ਤੋਂ ਵੱਧ ਭੋਜਨ ਪਦਾਰਥ ਅਤੇ ਬੇਕਾਰ ਗਿਆ ਭੋਜਨ**
ਖੁੱਲੇ ਕਾਰੋਬਾਰਾਂ (ਕੁੱਲ 218) ਵਿਚੋਂ 19% ਨੇ ਦੱਸਿਆ ਕਿ ਉਹਨਾਂ ਨੇ ਮਾਰਚ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਭੋਜਨ ਪਦਾਰਥਾਂਦੀ ਲੋੜ ਤੋਂ ਵੱਧ ਮਾਤਰਾ ਦਾ ਸਾਹਮਣਾ ਕੀਤਾ ਸੀ। ਕਾਰੋਬਾਰ ਦੀਆਂ ਹੋਰ ਕਿਸਮਾਂ ਦੇ ਮੁਕਾਬਲੇ ਭੋਜਨ ਪਦਾਰਥਾਂ ਦੇ ਰਿਟੇਲਰ ਅਤੇ ਥੋਕ ਵਿਕ੍ਰੇਤਾਵਾਂ/ਡਿਸਟ੍ਰਿਬਿਊਟਰਾਂ ਨੇ ਭੋਜਨ ਪਦਾਰਥਾਂ ਦੀ ਲੋੜ ਤੋਂ ਵੱਧ ਮਾਤਰਾ ਦੀ ਰਿਪੋਰਟ ਕੀਤੀ, ਜਿਸ ਵਿੱਚ 28% ਭੋਜਨ ਪਦਾਰਥਾਂ ਦੇ ਰਿਟੇਲਰਾਂ ਅਤੇ 25% ਥੋਕ ਵਿਕ੍ਰੇਤਾਵਾਂ/ਡਿਸਟ੍ਰਿਬਿਊਟਰਾਂ ਨੇ ਲੋੜ ਤੋਂ ਵੱਧ ਸਮਾਨ ਦੀ ਰਿਪੋਰਟ ਕੀਤੀ ।

ਲੋੜ ਤੋਂ ਵੱਧ ਭੋਜਨ ਨੂੰ ਦਾਨ ਕੀਤੇ ਜਾਣ ਦੀ ਸੰਭਾਵਨਾ ਦਾ ਮੁਲਾਂਕਣ ਕਰਨ ਲਈ, ਕਾਰੋਬਾਰਾਂ ਨੂੰ ਪੁੱਛਿਆ ਗਿਆ ਕਿ ਕੀ ਉਹਨਾਂ ਨੇ ਭੋਜਨ ਦਾਨ ਸੇਵਾਵਾਂ ਸਥਾਪਤ ਕੀਤੀਆਂ ਹਨ।
- ਲੋੜ ਤੋਂ ਵੱਧ ਭੋਜਨ ਵਾਲੇ ਉਹਨਾਂ ਖੁੱਲ੍ਹੇ ਕਾਰੋਬਾਰਾਂ ਵਿਚੋਂ, 44% ਕੋਲ ਸਥਾਪਤ ਦਾਨ ਦੀਆਂ ਸੇਵਾਵਾਂ ਹਨ
- ਸਾਰੇ ਕਾਰੋਬਾਰਾਂ ਵਿਚੋਂ (ਖੁੱਲੇ ਅਤੇ ਬੰਦ ਸਮੇਤ) 22% ਕੋਲ ਸਥਾਪਤ ਦਾਨ ਦੀਆਂ ਸੇਵਾਵਾਂ ਹਨ


ਕਾਰੋਬਾਰਾਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਹ ਸਪਲਾਈ ਚੇਨ ਦੇ ਮੁੱਦਿਆਂ ਅਤੇ COVID-19 ਦੇ ਨਤੀਜੇ ਵਜੋਂ ਗਾਹਕਾਂ ਦਾ ਵਿਹਾਰ ਬਦਲਣ ਕਰਕੇ ਆਮ ਨਾਲੋਂ ਜ਼ਿਆਦਾ ਭੋਜਨ ਨੂੰ ਖਾਦ ਵਿੱਚ ਤਬਦੀਲ ਕਰਨ ਲਈ ਦੇ ਰਹੇ ਸਨ ਜਾਂ ਜ਼ਮੀਨ ਵਿੱਚ ਦਬਾਉਣ ਲਈ। ਇਸ ਪ੍ਰਸ਼ਨ ਦਾ ਜਵਾਬ ਦੇਣ ਵਾਲੇ 200 ਖੁੱਲੇ ਕਾਰੋਬਾਰਾਂ ਵਿੱਚੋਂ, 35 (18%) ਨੇ ਸੰਕੇਤ ਦਿੱਤਾ ਕਿ ਉਹ ਆਮ ਨਾਲੋਂ ਜ਼ਿਆਦਾ ਭੋਜਨ ਨੂੰ ਖਾਦ ਵਿੱਚ ਤਬਦੀਲ ਕਰ ਰਹੇ ਸਨ ਜਾਂ ਜ਼ਮੀਨ ਵਿੱਚ ਦਬਾ ਰਹੇ ਸਨ।

**ਕਰਿਆਨਾ/ਭੋਜਨ ਡਿਲਿਵਰੀ ਸੇਵਾਵਾਂ**

**ਕਰਿਆਨੇ ਦੇ ਸਮਾਨ ਦੇ ਸਟੋਰ**
9 ਟਿਕਾਣਿਆਂ ਤੋਂ 8 ਕਰਿਆਨਾ ਸਟੋਰ ਕਾਰੋਬਾਰਾਂ ਨੇ ਸਰਵੇਖਣ ਦਾ ਜਵਾਬ ਦਿੱਤਾ; ਸਾਰੇ ਕਾਰੋਬਾਰ ਲਈ ਖੁੱਲ੍ਹੇ ਸਨ। ਕਰਿਆਨੇ ਦੀ ਖਰੀਦਦਾਰੀ ਅਤੇ ਡਿਲਿਵਰੀ ਬਾਰੇ ਸਵਾਲਾਂ ਦੇ ਜਵਾਬ ਦੇਣ ਵਾਲੇ ਉਹਨਾਂ ਕਰਿਆਨਾ ਸਟੋਰ ਕਾਰੋਬਾਰਾਂ (ਕੁੱਲ 4) ਵਿੱਚੋਂ, ਇੱਕ ਕਾਰੋਬਾਰ ਨੇ ਗਾਹਕ ਦੁਆਰਾ ਪਿਕ-ਅਪ ਦੇ ਨਾਲ ਆਨਲਾਈਨ ਖਰੀਦਦਾਰੀ ਦੀ ਪੇਸ਼ਕਸ਼ ਕੀਤੀ ਅਤੇ ਇੱਕ ਨੇ ਤੀਜੀ ਧਿਰ ਦੀ ਸੇਵਾ ਦੁਆਰਾ ਕਰਿਆਨੇ ਦੀ ਖਰੀਦਦਾਰੀ ਅਤੇ ਡਿਲਿਵਰੀ ਦੀ ਪੇਸ਼ਕਸ਼ ਕੀਤੀ।

**ਡਿਲਿਵਰੀ ਸੇਵਾਵਾਂ ਲਈ ਯੋਗ ਹੋਰ ਭੋਜਨ ਕਾਰੋਬਾਰ**
ਡਿਲਿਵਰੀ ਸੇਵਾਵਾਂ ਨਾਲ ਉਹਨਾਂ ਦੇ ਤਜਰਬੇ ਦਾ ਮੁਲਾਂਕਣ ਕਰਨ ਲਈ ਕੇਟਰਰਾਂ, ਰੈਸਟੋਰੈਂਟਾਂ, ਹੋਟਲਾਂ ਅਤੇ ਭੋਜਨ ਪਦਾਰਥਾਂ ਦੇ ਰਿਟੇਲਰਾਂ ਨੂੰ ਇੱਕ ਸਮੂਹ ਵਿੱਚ ਰੱਖਿਆ ਗਿਆ ਸੀ। ਇਸ ਰਿਪੋਰਟ ਵਿੱਚ ਇਸ ਕਾਰੋਬਾਰੀ ਸਮੂਹ ਨੂੰ 'ਡਿਲਿਵਰੀ ਲਈ ਉਚਿਤ ਭੋਜਨ ਕਾਰੋਬਾਰ' ਕਿਹਾ ਗਿਆ ਹੈ।ਡਿਲਿਵਰੀ ਲਈ ਢੁਕਵੇਂ 239 ਕਾਰੋਬਾਰਾਂ (383 ਸਥਾਨਾਂ ਨੂੰ ਪ੍ਰਦਰਸ਼ਿਤ ਕਰਦੇ ਹਨ) ਨੇ ਸਰਵੇਖਣ ਦਾ ਜਵਾਬ ਦਿੱਤਾ, ਜਿਨ੍ਹਾਂ ਵਿਚੋਂ 71% ਕਾਰੋਬਾਰ, ਕਾਰੋਬਾਰ ਲਈ ਖੁੱਲੇ ਸਨ ਅਤੇ 39% ਕਾਰੋਬਾਰ ਬੰਦ ਸਨ (ਗ੍ਰਾਫ 4)। ਡੇਟਾ ਦਿਖਾਉਂਦਾ ਹੈ ਕਿ ਮਹਾਂਮਾਰੀ ਦੇ ਦੌਰਾਨ ਡਿਲਿਵਰੀ ਸੇਵਾਵਾਂ ਵਾਲੇ (ਜਾਂ ਮਹਾਂਮਾਰੀ 'ਤੇ ਪ੍ਰਤਿਕਿਰਿਆ ਵਿੱਚ ਡਿਲਿਵਰੀ ਸੇਵਾਵਾਂ ਸ਼ੁਰੂ ਕਰਨ ਵਾਲੇ) ਕਾਰੋਬਾਰ ਵਧੇਰੇ ਲਚਕੀਲੇ ਹੋ ਸਕਦੇ ਸਨ।

**ਗ੍ਰਾਫ 4: ਡਿਲਿਵਰੀ, ਸਥਿਤੀ ਅਤੇ ਡਿਲਿਵਰੀ ਸੇਵਾਵਾਂ ਲਈ ਢੁਕਵੇਂ ਭੋਜਨ ਕਾਰੋਬਾਰ**




ਕਰਿਆਨਾ ਸਟੋਰਾਂ, ਕੈਟਰਰਾਂ, ਹੋਟਲ/ਮੋਟਲ, ਰੈਸਟੋਰੈਂਟਾਂ ਅਤੇ ਭੋਜਨ ਪਦਾਰਥਾਂ ਦੇ ਰਿਟੇਲਰਾਂ ਤੋਂ 38% (92 ਕਾਰੋਬਾਰਾਂ) ਜਵਾਬਾਂ ਨੇ ਦਿਖਾਇਆ ਕਿ ਉਹ ਡਿਲਿਵਰੀ ਸੇਵਾਵਾਂ 'ਤੇ ਇੱਕ ਵੈਬਿਨਾਰ ਵਿੱਚ ਦਿਲਚਸਪੀ ਰੱਖਦੇ ਸਨ।

**ਖੁੱਲੇ ਕਾਰੋਬਾਰਾਂ ਲਈ ਨਿੱਜੀ ਸੁਰੱਖਿਆ ਦੇ ਉਪਕਰਣ (PPE)**
32% ਖੁੱਲ੍ਹੇ ਕਾਰੋਬਾਰਾਂ (ਕੁੱਲ 228) ਨੇ PPE ਬਾਰੇ ਪ੍ਰਸ਼ਨਾਂ ਦੇ ਇਹ ਦਰਸਾਉਂਦੇ ਹੋਏ ਜਵਾਬ ਦਿੱਤੇ ਕਿ ਉਹਨਾਂ ਕੋਲ ਅਗਲੇ ਦੋ ਹਫ਼ਤਿਆਂ ਲਈ ਲੋੜੀਂਦਾ PPE ਨਹੀਂ ਸੀ। ਸਰਵੇਖਣ ਕੀਤੇ ਕਾਰੋਬਾਰਾਂ ਨੇ ਬਹੁਤ ਵੱਖ-ਵੱਖ ਕਿਸਮਾਂ ਦੀਆਂ ਕਮੀਆਂ ਨੋਟ ਕੀਤੀਆਂ (ਸਾਰਣੀ 3)।

**ਸਾਰਣੀ 3: ਖੁੱਲੇ ਭੋਜਨ ਕਾਰੋਬਾਰਾਂ ਦੁਆਰਾ ਰਿਪੋਰਟ ਕੀਤੀ ਗਈ PPE ਦੀ ਵਰਤੋਂ ਅਤੇ ਸਮਾਨ ਦੀ ਕਮੀ**

| PPE ਦੀ ਕਿਸਮ | ਉਹਨਾਂ ਖੁੱਲੇ ਕਾਰੋਬਾਰਾਂ ਦਾ ਪ੍ਰਤਿਸ਼ਤ ਜਿਨ੍ਹਾਂ ਨੇ ਇਸ ਆਈਟਮ ਦੀ ਵਰਤੋਂ ਕੀਤੀ | ਇਸ ਵਸਤੂ ਦੀ ਘਾਟ ਵਾਲੇ ਖੁੱਲੇ ਕਾਰੋਬਾਰਾਂ ਦਾ ਪ੍ਰਤਿਸ਼ਤ |
|---|---|---|
| **ਦਸਤਾਨੇ** | 95% | 12% |
| **ਫੇਸ ਸ਼ੀਲਡਾਂ** | 61% | 16% |
| **ਮਾਸਕ** | 88% | 19% |
| **ਸੈਨੀਟਾਈਜ਼ਰ (ਸਫ਼ਾਈ ਲਈ ਪਦਾਰਥ)** | 96% | 15% |

ਸਰਵੇਖਣ ਕੀਤੇ ਗਏ 313 ਕਾਰੋਬਾਰਾਂ 72 (23%) ਨੇ ਸੰਕੇਤ ਦਿੱਤਾ ਕਿ ਉਹ PPE ਹਾਸਲ ਕਰਨ ਵਿੱਚ ਵੈਨਕੂਵਰ ਸਿਟੀ ਦੀ ਸਹਾਇਤਾ ਲੈਣੀ ਚਾਹੁਣਗੇ।

- ਜਵਾਬ ਦੇਣ ਵਾਲੇ 13% ਕਾਰੋਬਾਰ ਮਾਸਕਾਂ ਵਿੱਚ ਸਹਾਇਤਾ ਚਾਹੁੰਦੇ ਸਨ,
- 12% ਸੈਨੀਟਾਈਜ਼ਰ ਵਿੱਚ,
- 12% ਪਲੇਕਸਿਗਲਾਸ ਵਿੱਚ

## ਕਾਰੋਬਾਰਾਂ ਦੁਆਰਾ ਨੋਟ ਕੀਤਾ ਗਿਆ ਵਾਧੂ ਸਮਰਥਨ

- 46% ਕਾਰੋਬਾਰਾਂ ਨੇ ਸੰਕੇਤ ਦਿੱਤਾ ਕਿ ਉਹ ਬਾਹਰੀ ਭੋਜਨ ਦੀ ਖਪਤ ਲਈ ਵੇਹੜੇ ਦਾ ਅਸਥਾਈ ਵਿਸਤਾਰ ਕਰਨਾ ਚਾਹੁੰਦੇ ਹਨ,
- 50% ਕਾਰੋਬਾਰਾਂ ਨੇ ਕਿਹਾ ਕਿ ਸਿਟੀ ਕਰਮਚਾਰੀਆਂ ਅਤੇ ਕਾਰੋਬਾਰੀ ਕਿਰਾਏ ਤੋਂ ਰਾਹਤ ਲਈ ਸੀਨੀਅਰ ਸਰਕਾਰ ਦੀ ਵਕਾਲਤ ਕਰੇ

## ਨਿਚੋੜ

ਮਹਾਂਮਾਰੀ ਦਾ ਅਸਰ ਬੇਮਿਸਾਲ ਰਿਹਾ ਹੈ ਅਤੇ ਸਿਟੀ ਭੋਜਨ ਕਾਰੋਬਾਰਾਂ ਨੂੰ ਉਹਨਾਂ ਦੇ ਧੀਰਜ ਲਈ ਅਤੇ ਸ਼ਹਿਰ ਦੇ ਵਸਨੀਕਾਂ ਅਤੇ ਕੰਮ ਕਰਨ ਵਾਲਿਆਂ ਦੀ ਰੱਖਿਆ ਅਤੇ ਸੰਭਾਲ ਲਈ ਉਹਨਾਂ ਦੁਆਰਾ ਰੱਖੇ ਗਏ ਧਿਆਨ ਲਈ ਅਸੀਂ ਦਿਲੋਂ ਧੰਨਵਾਦ ਕਰਨਾ ਚਾਹੁੰਦੇ ਹਾਂ। ਅਸੀਂ ਵਿਸ਼ੇਸ਼ ਤੌਰ 'ਤੇ ਉਹਨਾਂ ਦਾ ਧੰਨਵਾਦ ਕਰਨਾ ਚਾਹਾਂਗੇ ਜਿਨ੍ਹਾਂ ਨੇ ਇਸ ਸਰਵੇਖਣ ਵਿੱਚ ਆਪਣਾ ਕੀਮਤੀ ਸਮੇਂ ਅਤੇ ਧਿਆਨ ਨਾਲ ਵਿਚਾਰ ਕਰਨ ਦਾ ਯੋਗਦਾਨ ਪਾਇਆ। COVID-19 ਦੀ ਦੂਜੀ ਲਹਿਰ ਦੀ ਸਥਿਤੀ ਵਿੱਚ ਸ਼ਹਿਰ ਦੀਆਂ ਕਾਰਵਾਈਆਂ ਬਾਰੇ ਜਾਣਕਾਰੀ ਦੇਣ ਲਈ, ਅਤੇ ਸ਼ਹਿਰ ਦੀਆਂ ਰਿਕਵਰੀ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਇੱਕ ਵਧੇਰੇ ਲੰਬੀ ਅੰਦਰੂਨੀ ਰਿਪੋਰਟ ਵੈਨਕੂਵਰ ਸ਼ਹਿਰ ਦੇ ਸੰਬੰਧਿਤ ਵਿਭਾਗਾਂ ਦੇ ਨਾਲ ਸਾਂਝੀ ਕੀਤੀ ਜਾਵੇਗੀ।

ਜੇ ਕੋਈ ਪ੍ਰਸ਼ਨ ਜਾਂ ਟਿੱਪਣੀਆਂ ਹਨ ਤਾਂ ਕਿਰਪਾ ਕਰਕੇ covid-foodici_outreach@vancouver.ca 'ਤੇ ਈਮੇਲ ਕਰੋ।